# ਸਿਟੀ ਆਫ ਬ੍ਰੈਂਪਟਨ, ਕੋਵਿਡ-19 ਦੇ ਉਪਾਵਾਂ ਨੂੰ ਸਾਵਧਾਨੀ ਨਾਲ ਅਤੇ ਹੌਲੀ-ਹੌਲੀ ਘਟਾਉਣ ਲਈ ਸੂਬੇ ਦੇ ਪੜਾਵਾਂ ਦੇ ਮੁਤਾਬਕ ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਅੱਪਡੇਟ ਕਰ ਰਹੀ ਹੈ

ਬ੍ਰੈਂਪਟਨ, ਓਨਟੈਰੀਓ (25 ਜਨਵਰੀ, 2022) – ਪਿਛਲੇ ਹਫ਼ਤੇ, ਓਨਟੈਰੀਓ ਸਰਕਾਰ (Government of Ontario) ਦੇ ਐਲਾਨ ਤੋਂ ਬਾਅਦ, ਸਿਟੀ ਆਫ ਬ੍ਰੈਂਪਟਨ, 31 ਜਨਵਰੀ, 2022 ਤੋਂ ਸ਼ੁਰੂ ਕਰਦੇ ਹੋਏ, ਪ੍ਰੋਗਰਾਮਾਂ ਅਤੇ ਸੇਵਾਵਾਂ ਨੂੰ ਅੱਪਡੇਟ ਕਰਨ ਅਤੇ ਕੁਝ ਫੈਸਿਲਿਟੀਜ ਨੂੰ ਦੁਬਾਰਾ ਖੋਲ੍ਹਣ ਦੀ ਤਿਆਰੀ ਕਰ ਰਹੀ ਹੈ।

**31 ਜਨਵਰੀ ਤੋਂ ਲਾਗੂ ਹੋਣ ਵਾਲੇ ਸੂਬੇ ਦੇ ਸਿਹਤ ਅਤੇ ਸੁਰੱਖਿਆ ਸਬੰਧੀ ਉਪਾਅ**

ਸੋਮਵਾਰ, 31 ਜਨਵਰੀ, ਸਵੇਰੇ 12:01 ਵਜੇ ਤੋਂ, ਹੇਠਾਂ ਲਿਖੇ ਉਪਾਅ ਲਾਗੂ ਹੋਣਗੇ:

- ਸਮਾਜਿਕ ਇਕੱਠਾਂ ਦੀਆਂ ਸੀਮਾਵਾਂ ਨੂੰ ਵਧਾ ਕੇ ਇਨਡੋਰ ਲਈ 10 ਅਤੇ ਆਉਟਡੋਰ ਲਈ 25 ਵਿਅਕਤੀਆਂ ਤੱਕ ਕੀਤਾ ਜਾ ਰਿਹਾ ਹੈ।
- ਇਨਡੋਰ ਪਬਲਿਕ ਸੈਟਿੰਗਸ ਵਿੱਚ ਕੈਪੇਸਿਟੀ ਸੀਮਾਵਾਂ ਨੂੰ ਵਧਾ ਕੇ, 50 ਪ੍ਰਤੀਸ਼ਤ ਤੱਕ ਕੀਤਾ ਜਾ ਰਿਹਾ ਹੈ ਜਾਂ ਕਾਇਮ ਰੱਖਿਆ ਜਾ ਰਿਹਾ ਹੈ, ਇਹਨਾਂ ਵਿੱਚ ਸ਼ਾਮਲ ਹਨ, ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ:
    - ਬਿਨਾਂ ਡਾਂਸ ਫੈਸਿਲਿਟੀਜ ਵਾਲੇ ਰੈਸਟੋਰੈਂਟ, ਬਾਰਸ ਅਤੇ ਖਾਣ-ਪੀਣ ਦੇ ਹੋਰ ਸੰਸਥਾਨ;
    - ਰਿਟੇਲਰਸ (ਗ੍ਰੋਸਰੀ ਸਟੋਰਾਂ ਅਤੇ ਫਾਰਮੈਸੀਜ ਸਮੇਤ);
    - ਸ਼ੌਪਿੰਗ ਮਾੱਲਸ;
    - ਜਿਮਸ ਸਮੇਤ, ਸਪੋਰਟਸ ਅਤੇ ਰੇਕ੍ਰੀਏਸ਼ਨਲ ਫਿਟਨੈਸ ਫੈਸਿਲਿਟੀਜ ਦੇ ਬਿਨਾਂ ਦਰਸ਼ਕਾਂ ਵਾਲੇ ਖੇਤਰ;
    - ਸਿਨੇਮਾ;
    - ਮੀਟਿੰਗ ਅਤੇ ਕਾਰਜਕਰਮ ਵਾਲੀਆਂ ਥਾਵਾਂ;
    - ਵਾਟਰ ਪਾਰਕਾਂ ਸਮੇਤ, ਰੇਕ੍ਰੀਏਸ਼ਨਲ ਸਹੂਲਤਾਂ ਅਤੇ ਮਨੋਰੰਜਨ ਪਾਰਕ;
    - ਮਿਊਜ਼ੀਅਮ, ਗੈਲਰੀਆਂ, ਐਕਵੇਰੀਅਮ, ਚਿੜੀਆਘਰ ਅਤੇ ਇਹਨਾਂ ਵਰਗੇ ਹੋਰ ਆਕਰਸ਼ਣ;
    - ਕੈਸੀਨੋ, ਬਿੰਗੋ ਹਾੱਲਸ ਅਤੇ ਹੋਰ ਗੇਮਿੰਗ ਸੰਸਥਾਨ; ਅਤੇ
    - ਧਾਰਮਿਕ ਸੇਵਾਵਾਂ, ਰਸਮਾਂ ਜਾਂ ਸਮਾਰੋਹ।
- ਸਪੋਰਟ ਸਬੰਧੀ ਕਾਰਜਕਰਮ, ਕੋਨਸਰਟ ਥਾਵਾਂ ਅਤੇ ਥਿਏਟਰਾਂ ਵਰਗੀਆਂ ਫੈਸਿਲਿਟੀਜ ਦੇ ਦਰਸ਼ਕਾਂ ਵਾਲੇ ਖੇਤਰਾਂ ਨੂੰ 50 ਪ੍ਰਤੀਸ਼ਤ ਸੀਟ ਕੈਪੇਸਿਟੀ ਤੇ ਜਾਂ 500 ਵਿਅਕਤੀਆਂ ਦੇ ਨਾਲ ਚਲਾਉਣ ਦੀ ਇਜਾਜ਼ਤ ਹੈ, ਇਸ ਵਿੱਚੋਂ ਜੋ ਵੀ ਘੱਟ ਹੋਵੇ।

ਮੌਜੂਦਾ ਸੈਟਿੰਗਸ ਵਿੱਚ ਵੈਕਸੀਨੇਸ਼ਨ ਦੇ ਸਬੂਤ ਸਬੰਧੀ ਅਤੇ ਹੋਰ ਵਧੀਆਂ ਹੋਈਆਂ ਸ਼ਰਤਾਂ, ਲਾਗੂ ਹੋਣਾ ਜਾਰੀ ਰਹਿਣਗੀਆਂ।

**ਸਿਟੀ ਦੀਆਂ ਸੇਵਾਵਾਂ, ਪ੍ਰੋਗਰਾਮ ਅਤੇ ਫੈਸਿਲਿਟੀਜ**

ਸਿਟੀ ਹਾਲ ਅਤੇ ਕਾਰਪੋਰੇਟ ਫੈਸਿਲਿਟੀਜ

21 ਫਰਵਰੀ ਤੋਂ, ਸਿਟੀ ਹਾਲ (City Hall) ਅਤੇ ਕਾਰਪੋਰੇਟ ਫੈਸਿਲਿਟੀਜ, ਬਿਨਾਂ ਮੁਲਾਕਾਤ ਬੁੱਕ ਕੀਤੀਆਂ ਸੇਵਾਵਾਂ ਲਈ ਦੁਬਾਰਾ ਖੁੱਲਣਗੀਆਂ। ਤਦ ਤੱਕ, ਸੇਵਾਵਾਂ ਕੇਵਲ ਮੁਲਾਕਾਤ ਬੁੱਕ ਕਰਕੇ ਹੀ ਪ੍ਰਦਾਨ ਕੀਤੀਆਂ ਜਾਣਗੀਆਂ। ਮੁਲਾਕਾਤ ਬੁੱਕ ਕਰਨ ਲਈ, www.brampton.ca/skiptheline ਤੇ ਜਾਓ।

ਫੈਸਿਲਿਟੀ ਵਿਖੇ ਮੀਟਿੰਗ ਦੀਆਂ ਥਾਵਾਂ ਅਤੇ ਰੈਂਟਲ ਸਬੰਧੀ ਹੋਰ ਵੇਰਵੇ, ਆਉਣ ਵਾਲੇ ਹਫ਼ਤਿਆਂ ਵਿੱਚ ਪ੍ਰਦਾਨ ਕੀਤੇ ਜਾਣਗੇ।

ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਅਗਲੇ ਨੋਟਿਸ ਤੱਕ ਘਟੇ ਹੋਏ ਸੇਵਾ ਲੈਵਲਸ ਤੇ ਚੱਲ ਰਹੀ ਹੈ। ਸੰਚਾਲਨ ਦੇ ਚੋਣਵੇਂ ਟਰਮੀਨਲ ਘੰਟਿਆਂ ਨੂੰ ਵੀ ਬਦਲਿਆ ਜਾ ਸਕਦਾ ਹੈ।

ਸਭ ਤੋਂ ਵੱਧ ਅਪ-ਟੂ-ਡੇਟ ਰੂਟ ਸ਼ੈਡਿਊਲ ਅਤੇ ਸੰਚਾਲਨ ਦੇ ਘੰਟਿਆਂ ਬਾਰੇ ਜਾਣਕਾਰੀ ਲਈ, ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ, ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ (Contact Centre) ਨੂੰ 905.874.2999 ਤੇ ਫੋਨ ਕਰਨ। ਨਿਯਮਿਤ ਸੇਵਾ ਅੱਪਡੇਟਾਂ ਲਈ, www.bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ।

ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਸਵਾਰੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਫ਼ਰ ਕਰਦੇ ਸਮੇਂ, ਬੱਸਾਂ ਅਤੇ ਟਰਮੀਨਲਾਂ ਤੇ ਟਾਈਟ-ਫਿਟਿੰਗ ਵਾਲਾ ਮਾਸਕ ਪਹਿਨੋ ਅਤੇ ਸਫ਼ਰ ਦੇ ਦੌਰਾਨ ਖਾਣ-ਪੀਣ ਵਾਸਤੇ ਆਪਣਾ ਮਾਸਕ ਹਟਾਉਣ ਤੋਂ ਪਰਹੇਜ਼ ਕਰੋ, ਜਦੋਂ ਤੱਕ ਕਿ ਮੈਡੀਕਲ ਐਮਰਜੈਂਸੀ ਨਾ ਹੋਵੇ। ਸਵਾਰੀਆਂ ਨੂੰ ਇਹ ਵੀ ਯਾਦ ਕਰਾਇਆ ਜਾਂਦਾ ਹੈ ਕਿ ਸਫ਼ਰ ਕਰਦੇ ਸਮੇਂ, ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਵਰਗੇ ਆਪਣੀਆਂ ਖੁਦ ਦੀਆਂ ਨਿੱਜੀ ਰੋਗਾਣੂਮੁਕਤ ਵਸਤਾਂ ਆਪਣੇ ਨਾਲ ਰੱਖੋ, ਵਾਰ-ਵਾਰ ਆਪਣੇ ਹੱਥ ਧੋਵੋ ਅਤੇ ਖੰਘਣ ਜਾਂ ਨਿੱਛ ਆਉਣ ਵੇਲੇ ਆਪਣੇ ਮੂੰਹ ਨੂੰ ਕੂਹਣੀ ਨਾਲ ਢਕ ਲਵੋ।

ਵੱਧ ਵਾਰ ਸਫਾਈ ਅਤੇ ਰੋਗਾਣੂ ਮੁਕਤ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਟਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਜ਼ਿਆਦਾਤਰ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਰੋਗਾਣੂ ਮੁਕਤ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਰੋਗਾਣੂ ਮੁਕਤ ਕੀਤਾ ਜਾ ਰਿਹਾ ਹੈ।

ਰੇਕ੍ਰੀਏਸ਼ਨ

***ਇਨਡੋਰ ਰੇਕ੍ਰੀਏਸ਼ਨਲ ਸਹੂਲਤਾਂ***

ਰੇਕ੍ਰੀਏਸ਼ਨ ਸੈਂਟਰ, ਸੋਮਵਾਰ, 31 ਜਨਵਰੀ ਨੂੰ, ਸ਼ੈਡਿਊਲ ਕੀਤੀ ਹੋਈ ਰਜਿਸਟਰਡ ਅਤੇ ਡ੍ਰੌਪ-ਇਨ ਪ੍ਰੋਗਰਾਮਿੰਗ ਲਈ ਦੁਬਾਰਾ ਖੁੱਲਣਗੇ। ਸੂਬਾਈ ਰੈਗੂਲੇਸ਼ਨਸ ਦੇ ਮੁਤਾਬਕ, ਰੇਕ੍ਰੀਏਸ਼ਨ ਸੈਂਟਰਾਂ ਵਿਖੇ ਕੈਪੇਸਿਟੀ ਸੀਮਾਵਾਂ ਨੂੰ ਘਟਾ ਕੇ ਪੰਜਾਹ ਪ੍ਰਤੀਸ਼ਤ ਕੀਤਾ ਜਾਵੇਗਾ। ਰੇਕ੍ਰੀਏਸ਼ਨ ਸੈਂਟਰਾਂ ਵਿੱਚ ਆਉਣ ਲਈ ਪੂਰਵ-ਰਜਿਸਟਰੇਸ਼ਨ ਦੀ ਲੋੜ ਨਹੀਂ ਹੈ, ਹਾਲਾਂਕਿ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਆਉਣ ਵਾਲੇ (ਵਿਜੀਟਰ), ਆਉਣ ਤੋਂ ਪਹਿਲਾਂ ਐਡਵਾਂਸ ਵਿੱਚ ਹੀ ਔਨਲਾਈਨ ਆਪਣੀਆਂ ਸੇਵਾਵਾਂ ਖਰੀਦ ਲੈਣ ਕਿਉਂਕਿ ਸਾਰੀਆਂ ਸੇਵਾਵਾਂ, ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ ਤੇ ਹਨ। ਉਪਲਬਧ ਪ੍ਰੋਗਰਾਮ, ਬੁੱਧਵਾਰ, 26 ਜਨਵਰੀ, ਸਵੇਰੇ 10 ਵਜੇ ਤੋਂ ਸ਼ੁਰੂ ਕਰਦੇ ਹੋਏ, www.brampton.ca/registerforprograms ਤੇ ਜਾ ਕੇ ਔਨਲਾਈਨ ਦੇਖੇ ਜਾ ਸਕਦੇ ਹਨ।

*ਵਿੰਟਰ ਰਜਿਸਟਰਡ ਸੈਸ਼ਨਲ ਪ੍ਰੋਗਰਾਮ*

ਸਰਦੀ ਦੇ ਰਜਿਸਟਰਡ ਸੈਸ਼ਨ, ਛੋਟੇ ਕੀਤੇ ਸੈਸ਼ਨ ਲਈ 31 ਜਨਵਰੀ ਵਾਲੇ ਹਫ਼ਤੇ ਵਿੱਚ ਦੁਬਾਰਾ ਸ਼ੁਰੂ ਹੋਣਗੇ। ਪ੍ਰੋਗਰਾਮ ਦੀਆਂ ਆਖਰੀ ਤਾਰੀਖਾਂ ਨਹੀਂ ਬਦਲਣਗੀਆਂ। ਹਿੱਸਾ ਲੈਣ ਵਾਲੇ ਜਿਹਨਾਂ ਵਿਅਕਤੀਆਂ ਨੇ ਪਹਿਲਾਂ, ਸਰਦੀ ਦੇ ਪ੍ਰੋਗਰਾਮਾਂ ਲਈ ਰਜਿਸਟਰ ਕੀਤਾ ਸੀ, ਉਹਨਾਂ ਨੂੰ ਆਪਣੇ ਕਲਾਈਂਟ ਅਕਾਊਂਟ ਵਿੱਚ ਪ੍ਰੋ-ਰੇਟੇਡ ਕ੍ਰੈਡਿਟ ਮਿਲ ਚੁੱਕਾ ਹੈ ਕਿਉਂਕਿ ਸੈਸ਼ਨ ਦੀ ਮਿਆਦ ਘਟਾ ਦਿੱਤੀ ਗਈ ਹੈ।

*ਮੈਂਬਰਸ਼ਿਪਸ*

ਮੈਂਬਰਸ਼ਿਪਸ ਸੇਲਸ, ਬੁੱਧਵਾਰ, 26 ਜਨਵਰੀ ਨੂੰ ਸਵੇਰੇ 10 ਵਜੇ ਤੋਂ ਦੁਬਾਰਾ ਸ਼ੁਰੂ ਹੋਣਗੀਆਂ। ਉਪਲਬਧ ਮੈਂਬਰਸ਼ਿਪ ਵਿਕਲਪ, www.brampton.ca/memberships ਤੇ ਦੇਖੇ ਜਾ ਸਕਦੇ ਹਨ।

*ਵੈਕਸੀਨੇਸ਼ਨ ਦੇ ਸਬੂਤ ਸਬੰਧੀ ਸ਼ਰਤਾਂ*

ਸਿਟੀ ਆਫ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ ਵਿੱਚ ਆਉਣ ਵਾਲੇ 12 ਸਾਲ ਅਤੇ ਇਸਤੋਂ ਵੱਧ ਉਮਰ ਦੇ ਸਾਰੇ ਵਿਅਕਤੀਆਂ ਲਈ, ਵੈਕਸੀਨੇਸ਼ਨ ਦਾ ਸਬੂਤ ਦਿਖਾਉਣਾ ਲਾਜ਼ਮੀ ਹੈ। ਇਹ, ਯੂਥ, ਕੋਚ, ਇੰਸਟ੍ਰਕਟਰਾਂ, ਦੇਖਭਾਲਕਰਤਾਵਾਂ, ਵਾਲੰਟੀਅਰਾਂ ਅਤੇ ਗੇਮ ਸਬੰਧੀ ਔਫਿਸ਼ਿਅਲਸ ਸਮੇਤ, ਰੇਕ੍ਰੀਏਸ਼ਨ ਸੈਂਟਰਾਂ ਵਿੱਚ ਸਾਰੇ ਭਾਗੀਦਾਰਾਂ ਅਤੇ ਦਰਸ਼ਕਾਂ ਤੇ ਲਾਗੂ ਹੁੰਦਾ ਹੈ।

ਜੋ ਬੱਚੇ 2022 ਵਿੱਚ 12 ਸਾਲ ਦੇ ਹੋਏ ਹਨ (ਜਿਹਨਾਂ ਦਾ ਜਨਮ 2010 ਵਿੱਚ ਹੋਇਆ ਹੈ), ਉਹਨਾਂ ਨੂੰ ਉਹਨਾਂ ਦੀ ਜਨਮ ਮਿਤੀ ਤੋਂ ਲੈ ਕੇ 12 ਹਫ਼ਤਿਆਂ ਤੱਕ ਦਾ ਗ੍ਰੇਸ ਪੀਰੀਅਡ ਦਿੱਤਾ ਜਾਵੇਗਾ, ਜਿਸ ਦੌਰਾਨ ਉਹਨਾਂ ਨੂੰ ਇਨਡੋਰ ਸਪੋਰਟਸ ਅਤੇ ਰੇਕ੍ਰੀਏਸ਼ਨਲ ਫੈਸਿਲਿਟੀਜ ਵਿਖੇ ਵੈਕਸੀਨੇਸ਼ਨ ਦਾ ਸਬੂਤ ਦਿਖਾਉਣ ਦੀ ਲੋੜ ਨਹੀਂ ਹੋਵੇਗੀ। ਇਸ ਨਾਲ ਬੱਚਿਆਂ ਨੂੰ ਵੈਕਸੀਨੇਸ਼ਨ ਦੇ ਸਬੂਤ ਸਬੰਧੀ ਸ਼ਰਤਾਂ ਪੂਰੀਆਂ ਕਰਨ ਲਈ ਲੋੜੀਂਦਾ ਸਮਾਂ ਮਿਲੇਗਾ। 12 ਹਫ਼ਤਿਆਂ ਦੇ ਗ੍ਰੇਸ ਪੀਰੀਅਡ ਦੇ ਬਾਅਦ, ਉਹਨਾਂ ਲਈ ਵੈਕਸੀਨੇਸ਼ਨ ਦਾ ਸਬੂਤ ਦਿਖਾਉਣਾ ਜ਼ਰੂਰੀ ਹੋਵੇਗਾ।

*ਵੈਕਸੀਨੇਸ਼ਨ ਦੇ ਸਬੂਤ ਦੀਆਂ ਸਵੀਕ੍ਰਿਤ ਵਿਧੀਆਂ*

ਰੇਕ੍ਰੀਏਸ਼ਨ ਸੈਂਟਰਾਂ ਵਿੱਚ ਆਉਣ ਵਾਲਿਆਂ ਲਈ, QR ਕੋਡ ਵਾਲਾ ਐਨਹੈਂਸਡ ਵੈਕਸੀਨ ਸਰਟੀਫਿਕੇਟ ਅਤੇ ਵੈਰੀਫਾਈ ਔਨਟੈਰੀਓ ਐਪ ਵਰਤਣਾ ਜ਼ਰੂਰੀ ਹੋਵੇਗਾ। QR ਕੋਡ ਨੂੰ ਡਿਜੀਟਲ ਤੌਰ ਤੇ ਵਰਤਿਆ ਜਾ ਸਕਦਾ ਹੈ ਜਾਂ ਇਸਦੀ ਪੇਪਰ ਕਾਪੀ ਪ੍ਰਿੰਟ ਕੀਤੀ ਜਾ ਸਕਦੀ ਹੈ। ਲੋਕ, ਇੱਥੇ (here) ਜਾ ਕੇ QR ਕੋਡ ਵਾਲਾ ਆਪਣਾ ਵਿਸਤ੍ਰਿਤ ਸਰਟੀਫਿਕੇਟ ਡਾਊਨਲੋਡ ਕਰ ਸਕਦੇ ਹਨ। ਨੈਗੇਟਿਵ ਕੋਵਿਡ-19 (COVID-19) ਟੈਸਟ ਦਾ ਸਬੂਤ, ਵੈਕਸੀਨੇਸ਼ਨ ਦੇ ਸਬੂਤ ਦੇ ਵਿਕਲਪ ਦੇ ਤੌਰ ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਹੁਣ ਰੇਕ੍ਰੀਏਸ਼ਨ ਸੈਂਟਰਾਂ ਤੱਕ ਪਹੁੰਚ ਲਈ, ਲਿਖਤ ਮੈਡੀਕੋਲ ਛੋਟਾਂ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ ਹਨ।

*ਔਨਲਾਈਨ ਸਕ੍ਰੀਨਿੰਗ*

ਸਾਰੇ ਆਉਣ ਵਾਲਿਆਂ ਕੋਲ ਸਿਟੀ ਆਫ ਬ੍ਰੈਂਪਟਨ ਦੇ ਰੇਕ੍ਰੀਏਸ਼ਨ ਸੈਂਟਰਾਂ ਵਿਖੇ ਪਹੁੰਚਣ ਤੋਂ ਪਹਿਲਾਂ, ਔਨਲਾਈਨ ਸਕ੍ਰੀਨਿੰਗ ਅਤੇ ਕੰਟੈਕਟ ਟ੍ਰੇਸਿੰਗ ਪੂਰੀ ਕਰਨ ਦਾ ਵਿਕਲਪ ਹੋਵੇਗਾ। ਔਨਲਾਈਨ ਸਕ੍ਰੀਨਿੰਗ ਟੂਲ ਤੱਕ ਪਹੁੰਚ ਲਈ, ਇੱਥੇ (here) ਜਾਓ। ਆਉਣ ਵਾਲੇ, ਆਪਣੀ ਵਿਜਿਟ ਤੋਂ ਪਹਿਲਾਂ ਹੀ ਸਮਾਰਟਫੋਨ/ਕੰਪਿਊਟਰ ਵਰਤਦੇ ਹੋਏ, ਔਨਲਾਈਨ ਪ੍ਰੀ-ਸਕ੍ਰੀਨਿੰਗ ਸਵਾਲ ਪੂਰੇ ਕਰਕੇ ਸਮੇਂ ਦੀ ਬੱਚਤ ਕਰ ਸਕਦੇ ਹਨ। ਨਿਯਤ ਸਕ੍ਰੀਨਿੰਗ ਖੇਤਰ/ਪ੍ਰਵੇਸ਼-ਦੁਆਰ ਵਿਖੇ ਪਹੁੰਚਣ ਤੇ, ਸਾਰੇ ਆਉਣ ਵਾਲਿਆਂ ਲਈ ਫੋਨ ਦੇ ਦੁਆਰਾ, ਸਕ੍ਰੀਨਿੰਗ ਪੁਸ਼ਟੀ (ਹਰਾ ਸਹੀ ਦਾ ਨਿਸ਼ਾਨ) ਦਿਖਾਉਣਾ ਲਾਜਮੀ ਹੈ। ਉਹਨਾਂ ਆਉਣ ਵਾਲਿਆਂ ਲਈ, ਔਨਸਾਈਟ ਪੇਪਰ-ਅਧਾਰਿਤ ਕੰਟੈਕਟ ਟ੍ਰੇਸਿੰਗ ਉਪਲਬਧ ਕਰਾਉਣਾ ਜਾਰੀ ਰਹੇਗਾ, ਜੋ ਔਨਲਾਈਨ ਪ੍ਰੀ-ਸਕ੍ਰੀਨਿੰਗ ਪੂਰੀ ਨਹੀਂ ਕਰਨਾ ਚਾਹੁੰਦੇ।

***ਆਉਟਡੋਰ ਰੇਕ੍ਰੀਏਸ਼ਨਲ ਸਹੂਲਤਾਂ***

ਆਉਟਡੋਰ ਸਕੇਟਿੰਗ ਅਤੇ ਮਾਊਂਟ ਚਿੰਗਕੂਜ਼ੀ (Mount Chinguacousy) ਸਮੇਤ, ਆਉਟਡੋਰ ਪ੍ਰੋਗਰਾਮਿੰਗ ਅਤੇ ਸਹੂਲਤਾਂ ਉਪਲਬਧ ਹੋਣਾ ਜਾਰੀ ਰਹਿਣਗੀਆਂ। ਆਉਟਡੋਰ ਪ੍ਰੋਗਰਾਮਾਂ ਅਤੇ ਸੇਵਾਵਾਂ ਬਾਰੇ ਅੱਪ-ਟੂ-ਡੇਟ ਜਾਣਕਾਰੀ, www.brampton.ca/winterwonderland ਤੇ ਉਪਲਬਧ ਹੈ। ਜੇਕਰ ਮੌਸਮ ਅਤੇ ਆਈਸ ਸਬੰਧੀ ਸਥਿਤੀਆਂ ਠੀਕ ਰਹੀਆਂ, ਤਾਂ ਸਕੇਟਿੰਗ ਰਿੰਕਸ, ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ ਤੇ ਚੱਲਣਾ ਜਾਰੀ ਰਹਿਣਗੇ। ਆਉਣ ਵਾਲਿਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਉਣ ਤੋਂ ਪਹਿਲਾਂ, ਆਉਟਡੋਰ ਸਕੇਟਿੰਗ ਗਾਈਡਲਾਈਨਾਂ ਅਤੇ ਆਉਟਡੋਰ ਰਿੰਕ ਸੰਚਾਲਨ ਸਥਿਤੀ ਦੇ ਅੱਪਡੇਟਸ ਲਈ, www.brampton.ca/outdoorskating ਤੇ ਜਾਣ।

ਦ ਰੋਜ਼ ਅਤੇ ਪਰਫੌਰਮਿੰਗ ਆਰਟਸ ਫੈਸਿਲਿਟੀਜ

ਸਿਟੀ ਆਫ ਬ੍ਰੈਂਪਟਨ ਦੀਆਂ ਸਾਰੀਆਂ ਪਰਫੌਰਮਿੰਗ ਆਰਟਸ ਫੈਸਿਲਿਟੀਜ, ਰਿਹਰਸਲਾਂ ਅਤੇ ਰਿਕਾਰਡ ਕੀਤੀਆਂ ਪਰਫੌਰਮੈਂਸੇਜ ਲਈ ਉਪਲਬਧ ਰਹਿਣਗੀਆਂ। ਵਿਅਕਤੀਗਤ ਦਰਸ਼ਕਾਂ ਵਾਲੀਆਂ ਪਰਫੌਰਮੈਂਸੇਜ, ਕੋਵਿਡ-19 ਦੀਆਂ ਲਾਗੂ ਪਾਬੰਦੀਆਂ ਦੇ ਨਾਲ, ਮਾਰਚ 2022 ਵਿੱਚ ਦੁਬਾਰਾ ਸ਼ੁਰੂ ਹੋਣਗੀਆਂ।

ਆਉਟਡੋਰ ਪ੍ਰੋਗਰਾਮਿੰਗ, 21 ਫਰਵਰੀ, 2022 ਨੂੰ ਫੈਮਿਲੀ ਡੇ (Family Day) ਵਾਸਤੇ ਗਾਰਡਨ ਸਕਵੇਅਰ (Garden Square) ਵਿਖੇ ਹੋਵੇਗੀ।

ਸਾਰੇ ਟਿਕਟ-ਹੋਲਡਰਾਂ ਵਾਸਤੇ, ਕ੍ਰੈਡਿਟ/ਚੈੱਕ, ਅਕਾਊਂਟ ਕ੍ਰੈਡਿਟ ਜਾਂ ਡੋਨੇਸ਼ਨ ਲਈ ਰਿਫੰਡ, boxoffice@brampton.ca ਤੇ ਈਮੇਲ ਕਰਕੇ ਉਪਲਬਧ ਹੋਣਾ ਜਾਰੀ ਰਹਿਣਗੇ।

ਵਾਧੂ ਵੇਰਵੇ, www.therosebrampton.ca ਤੇ ਉਪਲਬਧ ਹਨ।

ਐਲ.ਬੀ.ਪੀ. (LBP) ਅਤੇ ਸਿਰਿਲ ਕਲਾਰਕ (Cyril Clark) ਥਿਏਟਰ, ਕੋਵਿਡ-19 ਦੀਆਂ ਲਾਗੂ ਪਾਬੰਦੀਆਂ ਦੇ ਨਾਲ, ਮਾਰਚ 2022 ਵਿੱਚ ਦੁਬਾਰਾ ਖੁੱਲਣਗੇ।

ਬ੍ਰੈਂਪਟਨ ਲਾਇਬ੍ਰੇਰੀ

ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਸਾਰੀਆਂ ਬ੍ਰਾਂਚਾਂ, ਇਨ-ਬ੍ਰਾਂਚ ਸੇਵਾਵਾਂ ਲਈ ਰੋਜ਼ਾਨਾ ਖੁੱਲਦੀਆਂ ਹਨ, ਮਾਊਂਟ ਪਲੈਜ਼ੈਂਟ ਵਿਲੇਜ (Mount Pleasant Village) ਨੂੰ ਛੱਡ ਕੇ, ਜੋ ਰੋਜ਼ਾਨਾ ਸਿਰਫ਼ ਕਰਬਸਾਈਡ ਪਿਕਅੱਪ ਸੇਵਾ ਹੀ ਪੇਸ਼ ਕਰਦੀ ਹੈ। ਨਿਵਾਸੀ, ਜਲਦੀ ਹੀ ਸ਼ੁਰੂ ਹੋਣ ਵਾਲੇ, ਪ੍ਰੋਫੈਸਰਸ ਲੇਕ (Professor's Lake), ਲੋਫਰਸ ਲੇਕ (Loafer's Lake) ਅਤੇ ਚਿੰਗਕੂਜ਼ੀ (Chinguacousy) ਪਾਰਕਾਂ ਵਿਖੇ ਇੰਸਟਾਲ ਕੀਤੇ ਆਉਟਡੋਰ ਸਟੋਰੀ ਵੱਕਸ ਦਾ ਆਨੰਦ ਲੈ ਸਕਦੇ ਹਨ। ਚਿੰਗਕੂਜ਼ੀ ਬ੍ਰਾਂਚ ਲਾਇਬ੍ਰੇਰੀ (Chinguacousy Branch Library), ਸਰਦੀ ਦੀ ਗਤੀਵਿਧੀ ਦੀਆਂ ਮੁਫ਼ਤ ਕਿੱਟਾਂ ਪ੍ਰਦਾਨ ਕਰ ਰਹੀ ਹੈ, ਜੋ ਪਹਿਲਾਂ ਆਓ, ਪਹਿਲਾਂ ਪਾਓ ਦੇ ਅਧਾਰ ਤੇ ਅਤੇ ਖ਼ਤਮ ਹੋਣ ਤੱਕ ਹਨ। ਵੇਰਵਿਆਂ ਲਈ, www.bramptonlibrary.ca ਤੇ ਜਾਓ।

**ਕੋਵਿਡ-19 ਵੈਕਸੀਨੇਸ਼ਨਸ**

ਵੈਕਸੀਨ, ਖੁਦ ਨੂੰ ਅਤੇ ਦੂਜਿਆਂ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹਨ। ਹੁਣ ਪੰਜ ਸਾਲ ਅਤੇ ਵੱਧ ਉਮਰ ਦੇ ਵਿਅਕਤੀਆਂ ਲਈ ਮੁਲਾਕਾਤਾਂ, ਓਨਟੈਰੀਓ ਦੇ ਵੈਕਸੀਨ ਬੁਕਿੰਗ ਸਿਸਟਮ ਦੇ ਦੁਆਰਾ ਜਾਂ 1.833.943.3900 ਤੇ ਫੋਨ ਕਰਕੇ ਬੁੱਕ ਕੀਤੀਆਂ ਜਾ ਸਕਦੀਆਂ ਹਨ।

ਹੁਣ 18 ਸਾਲ ਅਤੇ ਵੱਧ ਉਮਰ ਦੇ ਉਹਨਾਂ ਵਿਅਕਤੀਆਂ ਲਈ, ਉਹਨਾਂ ਦੀ ਕੋਵਿਡ-19 ਬੂਸਟਰ ਮੁਲਾਕਾਤ ਤੈਅ ਕਰਨ ਵਾਸਤੇ ਮੁਲਾਕਾਤਾਂ ਬੁੱਕ ਕੀਤੀਆਂ ਜਾ ਸਕਦੀਆਂ ਹਨ, ਜੇਕਰ ਉਹਨਾਂ ਦੀ ਆਖ਼ਰੀ ਡੋਜ਼ ਲਗਵਾਉਣ ਤੋਂ ਬਾਅਦ ਤਿੰਨ ਮਹੀਨੇ ਬੀਤ ਗਏ ਹਨ। ਮੁਲਾਕਾਤ ਬੁੱਕ ਕਰਨ ਲਈ, https://covid-19.ontario.ca/covid-19-vaccines-ontario ਤੇ ਜਾਓ।

ਕੋਵਿਡ-19 ਵੈਕਸੀਨੇਸ਼ਨਸ ਬਾਰੇ ਬਿਲਕੁੱਲ ਤਾਜ਼ਾ ਜਾਣਕਾਰੀ ਲਈ, ਸੂਬੇ ਦੇ ਵੈਕਸੀਨ ਪੋਰਟਲ (Province's vaccine portal) ਤੇ ਜਾਓ।

**ਮਾਸਕ**

ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਿਟੀ ਨੇ ਆਪਣੇ ਬ੍ਰੈਂਪਟਨ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (Brampton COVID-19 Mandatory Face Mask By-law) ਨੂੰ, 1 ਅਪ੍ਰੈਲ, 2022 ਤੱਕ ਅੱਗੇ ਵਧਾ ਦਿੱਤਾ ਹੈ।

ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਪਬਲਿਕ ਥਾਵਾਂ ਵਿਖੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਜ਼ਰੂਰੀ ਹੈ। ਸਕਾਰਫ, ਬੰਦਨਸ, ਨੈੱਕ ਗੇਟਰਸ ਜਾਂ ਨੈੱਕ ਵਾਰਮਰਸ ਅਤੇ ਐਕਸਲੇਸ਼ਨ ਵਾਲਵਸ ਵਾਲੇ ਮਾਸਕ, ਚਿਹਰਾ ਢਕਣ ਦੇ ਸਵੀਕਾਰਯੋਗ ਰੂਪ ਨਹੀਂ ਹਨ। ਇਸਤੋਂ ਇਲਾਵਾ ਬਾਇ-ਲਾਅ ਹੇਠ, ਮਾਸਕਾਂ ਨੂੰ ਖਾਣ-ਪੀਣ ਵਾਸਤੇ ਸਿਰਫ਼ ਤਦ ਹੀ ਹਟਾਇਆ ਜਾ ਸਕਦਾ ਹੈ, ਜੇਕਰ ਕੋਈ ਵਿਅਕਤੀ ਉਸ ਉਦੇਸ਼ ਲਈ ਨਿਯਤ ਖੇਤਰ ਵਿੱਚ ਬੈਠਾ ਹੋਵੇ।

ਸਿਟੀ, ਵਾਇਰਸ ਨੂੰ ਫੈਲਣ ਤੋਂ ਰੋਕਣ ਵਾਸਤੇ ਮਦਦ ਕਰਨ ਲਈ, ਸਰੀਰਕ ਦੂਰੀ ਰੱਖਣ, ਚੰਗੀ ਤਰ੍ਹਾਂ ਸਫਾਈ ਰੱਖਣ ਅਤੇ ਮਾਸਕ ਪਹਿਨਣ ਜਿਹੇ ਉਪਾਵਾਂ ਨੂੰ ਅਪਨਾਉਣਾ ਜਾਰੀ ਰੱਖਣ ਲਈ ਨਿਵਾਸੀਆਂ ਦਾ ਧੰਨਵਾਦ ਕਰਦੀ ਹੈ।

-30-

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca